# ਪਰਿਵਰਤਨ: ਸਕੂਲ ਲਈ ਸਕਾਰਾਤਮਕ ਸ਼ੁਰੂਆਤ

**ਸਿੱਖਣ ਅਤੇ ਵਿਕਾਸ ਦੇ ਪਰਿਵਰਤਨ ਬਿਓਰੇ ਨੂੰ ਪੂਰਾ ਕਰਨ ਵਿੱਚ ਮੱਦਦ ਕਰਨ ਲਈ ਪਰਿਵਾਰਾਂ ਲਈ ਦਿਸ਼ਾ-ਨਿਰਦੇਸ਼।**

## ਸਕੂਲ ਦੀ ਸਕਾਰਾਤਮਕ ਸ਼ੁਰੂਆਤ ਕਿਉਂ ਮਹੱਤਵਪੂਰਨ ਹੈ?

ਸਕੂਲ ਲਈ ਸਕਾਰਾਤਮਕ ਸ਼ੁਰੂਆਤ ਤੁਹਾਡੇ ਬੱਚੇ ਨੂੰ ਕਿੰਡਰਗਾਰਟਨ ਤੋਂ ਸਕੂਲ ਵਿੱਚ ਜਾਣ ਅਤੇ ਉਹਨਾਂ ਦੇ ਭਵਿੱਖ ਦੀ ਸਿੱਖਿਆ ਵਿੱਚ ਬਿਹਤਰ ਸਿੱਖਣ ਅਤੇ ਖੁਸ਼ ਮਹਿਸੂਸ ਕਰਨ ਵਿੱਚ ਮੱਦਦ ਕਰ ਸਕਦੀ ਹੈ। ਇੱਕ ਸਕਾਰਾਤਮਕ ਤਬਦੀਲੀ ਤੁਹਾਡੇ ਬੱਚੇ ਦੇ ਪੂਰਵ ਅਤੇ ਮੌਜੂਦਾ ਤਜ਼ਰਬਿਆਂ ਨੂੰ ਆਧਾਰ ਬਣਾ ਕੇ, ਉਹਨਾਂ ਨੂੰ ਸੁਰੱਖਿਅਤ, ਆਤਮ-ਵਿਸ਼ਵਾਸ ਅਤੇ ਜੁੜਿਆ ਮਹਿਸੂਸ ਕਰਨ ਵਿੱਚ ਮੱਦਦ ਕਰਨ ਲਈ, ਤੁਹਾਡੇ ਬੱਚੇ ਦੀ ਸਿੱਖਣ ਅਤੇ ਵਿਕਾਸ ਦੀ ਨਿਰੰਤਰਤਾ ਵਿੱਚ ਮੱਦਦ ਕਰਦੀ ਹੈ। ਸਕੂਲ ਲਈ ਇੱਕ ਸਕਾਰਾਤਮਕ ਸ਼ੁਰੂਆਤ ਉਹਨਾਂ ਨੂੰ ਵਧੇਰੇ ਲਚਕੀਲੇ ਬਣਨ ਵਿੱਚ ਵੀ ਮੱਦਦ ਕਰ ਸਕਦੀ ਹੈ।

## ਸਿੱਖਣ ਅਤੇ ਵਿਕਾਸ ਦਾ ਪਰਿਵਰਤਨ ਬਿਓਰਾ ਕੀ ਹੈ?

ਮੁੱਢਲੇ ਬਚਪਨ ਦੀਆਂ ਸੇਵਾਵਾਂ, ਸਕੂਲ, ਸਕੂਲ ਦੇ ਸਮੇਂ ਤੋਂ ਬਾਅਦ ਦੀਆ (OSHC) ਸੇਵਾਵਾਂ ਅਤੇ ਪਰਿਵਾਰ ਬੱਚਿਆਂ ਦੀ ਸਿੱਖਿਆ ਅਤੇ ਤੰਦਰੁਸਤੀ ਵਿੱਚ ਸਹਾਇਤਾ ਕਰਨ ਲਈ ਮਿਲ ਕੇ ਕੰਮ ਕਰਦੇ ਹਨ। ਉਹ ਟਰਾਂਜ਼ਿਸ਼ਨ ਲਰਨਿੰਗ ਐਂਡ ਡਿਵੈਲਪਮੈਂਟ ਸਟੇਟਮੈਂਟ (TLDS) ਦੀ ਵਰਤੋਂ ਕਰਕੇ ਜਾਣਕਾਰੀ ਸਾਂਝੀ ਕਰਦੇ ਹਨ। ਇਹ ਹਰ ਬੱਚੇ ਲਈ ਮੁੱਢਲੇ ਬਚਪਨ ਦੀ ਸੇਵਾ ਦੁਆਰਾ ਲਿਖਿਆ ਜਾਂਦਾ ਹੈ ਜਦੋਂ ਉਹ ਸਕੂਲ ਜਾਂਦੇ ਹਨ।

TLDS ਮੁੱਢਲੇ ਬਚਪਨ ਦੀਆਂ ਸੇਵਾਵਾਂ ਅਤੇ ਸਕੂਲਾਂ ਵਿਚਕਾਰ ਤੁਹਾਡੇ ਬੱਚੇ ਦੀ ਸਿੱਖਣ, ਵਿਕਾਸ ਅਤੇ ਤੰਦਰੁਸਤੀ ਬਾਰੇ ਜਾਣਕਾਰੀ ਸਾਂਝੀ ਕਰਦਾ ਹੈ। TLDS ਤੁਹਾਡੇ ਬੱਚੇ ਦੀਆਂ ਰੁਚੀਆਂ, ਹੁਨਰਾਂ ਅਤੇ ਕਾਬਲੀਅਤਾਂ ਦਾ ਇੱਕ ਛੋਟਾ ਦ੍ਰਿਸ਼ ਪ੍ਰਦਾਨ ਕਰਦਾ ਹੈ ਅਤੇ ਤੁਹਾਡੇ ਬੱਚੇ ਦੀ ਸਹਾਇਤਾ ਲਈ ਵਿਅਕਤੀਗਤ ਪਹੁੰਚ ਅਤੇ ਸਿੱਖਿਆ ਦੀਆਂ ਰਣਨੀਤੀਆਂ ਦੀ ਪਛਾਣ ਕਰਦਾ ਹੈ।

ਪਰਿਵਰਤਨ ਬਿਓਰਾ ਤੁਹਾਨੂੰ ਸਕੂਲ ਸ਼ੁਰੂ ਕਰਦੇ ਸਮੇਂ ਤੁਹਾਡੇ ਬੱਚੇ ਦੀ ਸਿੱਖਿਆ ਨੂੰ ਸਮਝਣ, ਸਹਾਇਤਾ ਕਰਨ ਅਤੇ ਵਿਚਾਰ-ਵਟਾਂਦਰਾ ਕਰਨ ਵਿੱਚ ਵੀ ਮੱਦਦ ਕਰ ਸਕਦਾ ਹੈ। TLDS ਵਿੱਚ ਦਿੱਤੀ ਜਾਣਕਾਰੀ ਛੋਟੀਆਂ ਕਲਾਸਾਂ ਦੇ ਅਧਿਆਪਕਾਂ ਨੂੰ ਤੁਹਾਡੇ ਬੱਚੇ ਨੂੰ ਜਾਣਨ ਅਤੇ ਉਚਿਤ ਅਧਿਆਪਨ ਪ੍ਰੋਗਰਾਮਾਂ ਦੀ ਯੋਜਨਾ ਬਣਾਉਣ ਵਿੱਚ ਮੱਦਦ ਕਰਦੀ ਹੈ। ਜੇਕਰ ਤੁਹਾਡਾ ਬੱਚਾ OSHC ਵਿੱਚ ਹੋਵੇਗਾ, ਤਾਂ TLDS ਉੱਥੇ ਵੀ ਉਸਦੇ ਸਮੇਂ ਦੀ ਯੋਜਨਾ ਬਣਾਉਣ ਵਿੱਚ ਮੱਦਦ ਕਰਦਾ ਹੈ।

TLDS ਕੋਲ ਤੁਹਾਡੇ ਬੱਚੇ ਦਾ ਨਾਮ, ਜਨਮਦਿਨ ਅਤੇ ਫ਼ੋਟੋ ਦੇ ਨਾਲ-ਨਾਲ ਤੁਹਾਡਾ ਨਾਮ ਅਤੇ ਸੰਪਰਕ ਜਾਣਕਾਰੀ ਸਮੇਤ ਕੁਝ ਨਿੱਜੀ ਵੇਰਵੇ ਹਨ। ਇਸ ਵਿੱਚ ਹੋਰ ਮੁੱਢਲੇ ਬਚਪਨ ਦੇ ਪੇਸ਼ੇਵਰਾਂ ਦੇ ਨਾਮ ਅਤੇ ਸੰਪਰਕ ਵੇਰਵੇ ਵੀ ਸ਼ਾਮਲ ਹੋ ਸਕਦੇ ਹਨ ਜਿਨ੍ਹਾਂ ਨੇ ਤੁਹਾਡੇ ਬੱਚੇ ਦਾ ਸਮਰਥਨ ਕੀਤਾ ਹੈ।

ਆਪਣੇ ਬੱਚੇ ਦੇ TLDS ਵਿੱਚ ਯੋਗਦਾਨ ਦੇਣਾ ਸਕੂਲ ਦੀਆਂ ਗਤੀਵਿਧੀਆਂ ਵਿੱਚ ਇੱਕ ਤਬਦੀਲੀ ਹੈ ਜਿਸ ਵਿੱਚ ਤੁਸੀਂ ਅਤੇ ਤੁਹਾਡਾ ਬੱਚਾ ਸਕੂਲ ਸ਼ੁਰੂ ਹੋਣ ਤੋਂ ਪਹਿਲਾਂ ਇਕੱਠੇ ਹਿੱਸਾ ਲੈ ਸਕਦੇ ਹੋ।

## ਮੈਂ ਆਪਣੇ ਬੱਚੇ ਦੇ TLDS ਤੱਕ ਕਿਵੇਂ ਪਹੁੰਚ ਕਰਾਂ?

ਤੁਹਾਡੇ ਬੱਚੇ ਦੀ ਮੁੱਢਲੇ ਬਚਪਨ ਦੀ ਸੇਵਾ ਤੁਹਾਨੂੰ ਔਨਲਾਈਨ TLDS ਟੂਲ ਦਾ ਲਿੰਕ ਦੇਵੇਗੀ। ਔਨਲਾਈਨ TLDS ਇੱਕ TLDS ਨੂੰ ਪੂਰਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ।

ਜੇਕਰ ਤੁਸੀਂ ਔਨਲਾਈਨ ਟੂਲ ਦੀ ਵਰਤੋਂ ਨਹੀਂ ਕਰ ਸਕਦੇ ਹੋ, ਤਾਂ ਤੁਸੀਂ ਇਸਦੀ ਬਜਾਏ ਕਾਗਜ਼ੀ ਕਾਪੀ ਮੰਗ ਸਕਦੇ ਹੋ।

## ਮੈਂ TLDS ਦਾ ਕਿਹੜਾ ਹਿੱਸਾ ਭਰਾਂ?

*ਭਾਗ 1* ਅਤੇ *1.1* ਤੁਹਾਡੇ ਬੱਚੇ ਦੇ ਮੁੱਢਲੇ ਬਚਪਨ ਦੇ ਸਿੱਖਿਅਕ ਦੁਆਰਾ ਪੂਰੇ ਕੀਤੇ ਜਾਂਦੇ ਹਨ।

*ਭਾਗ 1.2* ਤੁਹਾਡੇ ਬੱਚੇ ਦੇ ਮੁੱਢਲੇ ਬਚਪਨ ਦੇ ਸਿੱਖਿਅਕ ਦੁਆਰਾ ਪੂਰਾ ਕੀਤਾ ਜਾ ਸਕਦਾ ਹੈ, ਜੇ ਤੁਹਾਡੇ ਬੱਚੇ ਨੂੰ ਵਿਕਾਸ ਵਿੱਚ ਦੇਰੀ ਜਾਂ ਅਪੰਗਤਾ ਹੈ। ਤੁਹਾਡੇ ਬੱਚੇ ਦੀ ਮੱਦਦ ਕਰਨ ਵਾਲੇ ਹੋਰ ਪੇਸ਼ੇਵਰ ਵੀ ਇਸ ਹਿੱਸੇ ਵਿੱਚ ਸ਼ਾਮਲ ਹੋ ਸਕਦੇ ਹਨ।

*ਸੈਕਸ਼ਨ 2: ਬੱਚਾ* ਤੁਹਾਡੇ ਬੱਚੇ ਦੁਆਰਾ ਇੱਕ ਬਾਲਗ ਨਾਲ ਪੂਰਾ ਕੀਤਾ ਜਾਂਦਾ ਹੈ ਜਿਸ ਨੂੰ ਉਹ ਚੰਗੀ ਤਰ੍ਹਾਂ ਜਾਣਦੇ ਹਨ। ਇਹ ਤੁਸੀਂ ਹੋ ਸਕਦੇ ਹੋ, ਜਾਂ ਉਹਨਾਂ ਦੇ ਬਚਪਨ ਦੇ ਸਿੱਖਿਅਕ ਹੋ ਸਕਦੇ ਹੋ।

*ਭਾਗ 3: ਪਰਿਵਾਰ* ਇਹ ਤੁਹਾਡੇ ਦੁਆਰਾ ਭਰਨ ਲਈ ਹੈ। ਤੁਹਾਡਾ ਯੋਗਦਾਨ ਮਹੱਤਵਪੂਰਨ ਹੈ। ਇਸ ਹਿੱਸੇ ਵਿੱਚ ਤੁਹਾਡੇ ਬੱਚੇ ਦੀਆਂ ਦਿਲਚਸਪੀਆਂ ਦੇ ਨਾਲ-ਨਾਲ ਸਕੂਲ ਵਿੱਚ ਤੁਹਾਡੇ ਬੱਚੇ ਲਈ ਤੁਹਾਡੇ ਵਿਚਾਰ ਅਤੇ ਉਮੀਦਾਂ ਨੂੰ ਸਾਂਝਾ ਕਰਨ ਵਿੱਚ ਤੁਹਾਡੀ ਮੱਦਦ ਕਰਨ ਲਈ ਸਵਾਲ ਹਨ। ਇਹਨਾਂ ਸਵਾਲਾਂ ਦੇ ਜਵਾਬ ਦੇਣ ਨਾਲ ਅਧਿਆਪਕਾਂ ਅਤੇ OSHC ਸਟਾਫ਼ (ਜੇਕਰ ਲਾਗੂ ਹੋਵੇ) ਤੁਹਾਡੇ ਬੱਚੇ ਨੂੰ ਜਵਾਬ ਦੇਣ ਅਤੇ ਸਮਝਣ ਵਿੱਚ ਮੱਦਦ ਕਰ ਸਕਦਾ ਹੈ, ਜੋ ਉਹਨਾਂ ਦੇ ਸਿੱਖਣ ਅਤੇ ਵਿਕਾਸ ਵਿੱਚ ਸਹਾਇਤਾ ਕਰੇਗਾ।

## TLDS ਪੂਰਾ ਹੋਣ ਤੋਂ ਬਾਅਦ ਕੀ ਹੁੰਦਾ ਹੈ?

TLDS ਨੂੰ ਪੂਰਾ ਕਰਨ ਤੋਂ ਬਾਅਦ, ਤੁਹਾਡਾ ਮੁੱਢਲੇ ਬਚਪਨ ਦਾ ਸਿੱਖਿਅਕ ਤੁਹਾਨੂੰ ਇੱਕ ਮੁਕੰਮਲ ਕਾਪੀ ਦੇਵੇਗਾ।

ਤੁਹਾਡਾ ਮੁੱਢਲੇ ਬਚਪਨ ਦਾ ਸਿੱਖਿਅਕ ਤੁਹਾਡੇ ਬੱਚੇ ਦੇ ਸਕੂਲ ਅਤੇ OSHC ਸੇਵਾ (ਜੇ ਲਾਗੂ ਹੋਵੇ) ਨਾਲ ਵੀ ਪੂਰਾ ਕੀਤਾ TLDS ਸਾਂਝਾ ਕਰੇਗਾ।

ਜੇਕਰ ਤੁਹਾਨੂੰ ਯਕੀਨ ਨਹੀਂ ਹੈ ਕਿ ਤੁਹਾਡਾ ਬੱਚਾ ਕਿਸ ਸਕੂਲ ਵਿੱਚ ਜਾਵੇਗਾ, ਤਾਂ ਤੁਹਾਡਾ ਮੁੱਢਲੇ ਬਚਪਨ ਦਾ ਸਿੱਖਿਅਕ ਤੁਹਾਨੂੰ TLDS ਦੀ ਦੂਜੀ ਕਾਪੀ ਪ੍ਰਦਾਨ ਕਰੇਗਾ। ਜਦੋਂ ਤੁਸੀਂ ਆਪਣੇ ਬੱਚੇ ਨੂੰ ਦਾਖਲ ਕਰਵਾਉਂਦੇ ਹੋ ਤਾਂ ਤੁਸੀਂ ਇਹ ਕਾਪੀ ਸਕੂਲ ਨੂੰ ਦੇ ਸਕਦੇ ਹੋ

ਜੇਕਰ ਤੁਸੀਂ *ਸੈਕਸ਼ਨ 3: ਪਰਿਵਾਰ* ਨੂੰ ਪੂਰਾ ਨਹੀਂ ਕਰਦੇ ਹੋ, ਤਾਂ ਤੁਹਾਡੇ ਬੱਚੇ ਦਾ ਬਚਪਨ ਦਾ ਸਿੱਖਿਅਕ ਅਜੇ ਵੀ ਸਕੂਲ ਅਤੇ OSHC ਸੇਵਾ (ਜੇ ਲਾਗੂ ਹੋਵੇ) ਨਾਲ ਦੂਜੇ ਪੂਰੇ ਕੀਤੇ ਭਾਗਾਂ ਨੂੰ ਸਾਂਝਾ ਕਰੇਗਾ ਅਤੇ ਤੁਹਾਨੂੰ ਉਸ ਦੀ ਇੱਕ ਕਾਪੀ ਦੇਵੇਗਾ ਜੋ ਸਾਂਝਾ ਕੀਤਾ ਗਿਆ ਹੈ।

ਸਕੂਲਾਂ ਤੋਂ ਖੋਜ ਅਤੇ ਫੀਡਬੈਕ ਨੇ ਸੰਕੇਤ ਦਿੱਤਾ ਹੈ ਕਿ ਇਸ ਜਾਣਕਾਰੀ ਨੂੰ ਸਾਂਝਾ ਕਰਨਾ ਸਕੂਲ ਵਿੱਚ ਇੱਕ ਸਫ਼ਲ ਪਰਿਵਰਤਨ ਦਾ ਸਮਰਥਨ ਕਰਦਾ ਹੈ। ਜੇਕਰ ਤੁਸੀਂ TLDS ਨੂੰ ਆਪਣੇ ਬੱਚੇ ਦੇ ਸਕੂਲ ਨਾਲ ਸਾਂਝਾ ਨਹੀਂ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਬਚਪਨ ਦੇ ਮੁੱਢਲੇ ਸਿੱਖਿਅਕ ਨਾਲ ਇਸ ਬਾਰੇ ਗੱਲਬਾਤ ਕਰੋ।

ਢੁੱਕਵੀਂ ਅਤੇ ਸੁਰੱਖਿਅਤ ਜਾਣਕਾਰੀ ਵਿਕਟੋਰੀਅਨ ਸਿੱਖਿਆ ਅਤੇ ਦੇਖਭਾਲ ਪੇਸ਼ੇਵਰਾਂ ਨੂੰ ਬੱਚੇ ਦੀ ਤੰਦਰੁਸਤੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲੋੜੀਂਦਾ ਗਿਆਨ ਅਤੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਮੱਦਦ ਕਰਦੀ ਹੈ।

ਵਧੇਰੇ ਜਾਣਕਾਰੀ ਲਈ, https://www.vic.gov.au/information-sharing-schemes-and-the-maram-framework 'ਤੇ ਜਾਓ।

## ਵਧੇਰੇ ਜਾਣਕਾਰੀ ਲਈ

ਹੋਰ ਜਾਣਨ ਲਈ, ਤੁਸੀਂwww.vic.gov.au/transition-school-resources-families 'ਤੇ ਜਾ ਸਕਦੇ ਹੋ।

ਇਹ ਜਾਣਕਾਰੀ ਉਸੇ ਲਿੰਕ 'ਤੇ ਕਈ ਭਾਈਚਾਰਕ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ: www.vic.gov.au/transition-school-resources-families